# Official Spokesperson's response to a media query regarding abduction of Sikh community leader in Paktia, Afghanistan

June 22, 2020

……………………………………………………………………………………………………..

# ਅਫਗਾਨਿਸਤਾਨ ਦੇ ਪਕਤੀਆ ਵਿੱਚ ਸਿੱਖ ਭਾਈਚਾਰੇ ਦੇ ਨੇਤਾ ਦੇ ਅਗਵਾ ਹੋਣ ਬਾਰੇ ਮੀਡੀਆ ਦੇ ਇੱਕ ਸਵਾਲ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

22 ਜੂਨ, 2020

ਅਫਗਾਨਿਸਤਾਨ ਦੇ ਪਕਤੀਆ ਵਿੱਚ ਸਿੱਖ ਭਾਈਚਾਰੇ ਦੇ ਨੇਤਾ ਦੇ ਅਗਵਾ ਹੋਣ ਬਾਰੇ ਮੀਡੀਆ ਦੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ੍ਰੀ ਅਨੁਰਾਗ ਸ੍ਰੀਵਾਸਤਵ ਨੇ ਕਿਹਾ,

"ਅਸੀਂ ਅਫ਼ਗਾਨਿਸਤਾਨ ਅੰਦਰ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਨੇਤਾ ਸ੍ਰੀ ਨੇਦਾਨ ਸਿੰਘ ਨੂੰ ਅੱਤਵਾਦੀਆਂ ਦੁਆਰਾ ਅਗਵਾ ਕੀਤੇ ਜਾਣ ਦੀ ਸਖਤ ਨਿਖੇਧੀ ਕਰਦੇ ਹਾਂ।

ਅੱਤਵਾਦੀਆਂ ਦੁਆਰਾ ਆਪਣੇ ਬਾਹਰੀ ਸਮਰਥਕਾਂ ਦੀ ਸ਼ਹਿ 'ਤੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਏ ਜਾਣਾ ਅਤੇ ਉਨ੍ਹਾਂ 'ਤੇ ਤਸ਼ੱਦਦ ਕਰਨਾ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਅਫਗਾਨਿਸਤਾਨ ਅੰਦਰ ਘੱਟਗਿਣਤੀ ਭਾਈਚਾਰੇ ਦੀ ਸੁਰੱਖਿਆ ਅਤੇ ਖ਼ੈਰੀਅਤ ਯਕੀਨੀ ਬਣਾਉਣ ਲਈ ਭਾਰਤ ਅਫਗਾਨਿਸਤਾਨ ਸਰਕਾਰ ਦੇ ਸੰਪਰਕ ਵਿੱਚ ਹੈ। ਅਸੀਂ ਆਸ ਕਰਦੇ ਹਾਂ ਕਿ ਅਫਗਾਨਿਸਤਾਨੀ ਸਰਕਾਰ ਜਲਦੀ ਹੀ ਸ੍ਰੀ ਨੇਦਾਨ ਸਿੰਘ ਦੀ ਸੁਰੱਖਿਅਤ ਰਿਹਾਈ ਕਰਾਉਣ ਵਿੱਚ ਸਫਲ ਹੋਵੇਗੀ।

ਨਵੀਂ ਦਿੱਲੀ
22 ਜੂਨ, 2020

DISCLAIMER: This is an approximate translation. The original is available in English on MEA's website and may be referred to as the official press release.